2053-56.pdf

Open with Google Docs

20239696
21/7/2023

**ਦਫਤਰ ਚੋਣਕਾਰ ਰਜਿਸਟਰੇਸ਼ਨ ਅਫਸਰ**
091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ:242-ਈ, ਪਹਿਲੀ ਮੰਜਲ, ਮਿੰਨੀ ਸਕੱਤਰੇਤ, ਬਠਿੰਡਾ।
email:-ero-91@punjab.gov.in

ਜਿੰਮੇਵਾਰ ਬਣੋ, ਵੋਟਰ ਬਣੋ
ਪੱਤਰ ਨੰ:ਚੋਣਾਂ-2023/ 2053

ਜਿੰਮੇਵਾਰ ਬਣੋ, ਵੋਟਰ ਬਣੋ
ਮਿਤੀ: 21-07-2023

ਵੱਲ,

ਸਮੂਹ ਵਿਭਾਗਾਂ/ਦਫ਼ਤਰਾਂ ਦੇ ਮੁੱਖੀ,
ਬਠਿੰਡਾ

ਵਿਸ਼ਾ:- Special Summary Revision of Photo Electoral Rolls w.r.t. 01.01.2024 as the qualifying date programme-reg

ਹਵਾਲਾ:- ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਦਾ ਪੱਤਰ ਨੰ: ਚੋਣ-2023/812-17 ਮਿਤੀ 23.06.2023

ਉਪਰਕੋਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਾਨਯੋਗ ਭਾਰਤ ਚੋਣ ਕਮਿਸ਼ਨ, ਨਵੀ ਦਿੱਲੀ ਜੀ ਵੱਲੋ ਯੋਗਤਾ ਮਿਤੀ 01.01 2024 ਦੇ ਆਧਾਰ ਤੇ Pre Reversion Actvities Schedule ਪ੍ਰਾਪਤ ਹੋਇਆ ਹੈ। ਜਿਸ ਅਨੁਸਾਰ ਮਿਤੀ 21.07.2023 ਤੋਂ 21.08.2023 ਤੱਕ ਬੀ.ਐਲ.ਓਜ਼ ਵੱਲੋ ਘਰ-ਘਰ ਜਾ ਕੇ ਸਰਵੇ ਕੀਤਾ ਜਾਣਾ ਹੈ ਅਤੇ ਫ਼ਾਰਮ ਨੰ 6,6ਏ,6ਬੀ,7ਅਤੇ8 ਭਰੇ ਜਾਣੇ ਹਨ। ਇਸ ਕੰਮ ਨੂੰ ਮਿੱਥੇ ਸਮੇਂ ਵਿੱਚ ਹਰ ਹਾਲ ਵਿੱਚ ਪੂਰਾ ਕੀਤਾ ਜਾਣ ਲਈ ਹਦਾਇਤਾਂ ਜਾਰੀ ਹੋਈਆਂ ਹਨ। ਇਸ ਲਈ ਬੀ.ਐਲ.ਓਜ ਵੱਲੋਂ ਘਰ-ਘਰ ਜਾ ਕੇ ਸਰਵੇ ਦੇ ਕੰਮ ਨੂੰ ਮੁੱਖ ਰੱਖਦਿਆਂ ਇਸ ਮਿੱਥੇ ਸਮੇਂ ਦੌਰਾਨ ਸਮੂਹ ਦਫਤਰੀ ਸਟਾਫ/ ਸਕੂਲ ਦੇ ਨਾਨ ਟੀਚਿੰਗ/ਟੀਚਿੰਗ ਸਟਾਫ਼, ਜਿਨ੍ਹਾਂ ਦੀ ਬਤੌਰ ਬੀ.ਐਲ.ਓ ਡਿਊਟੀ 091-ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.) ਵਿੱਚ ਲੱਗੀ ਹੋਈ ਹੈ। ਉਨ੍ਹਾਂ ਨੂੰ ਸ਼ਡਿਊਲ ਅਨੁਸਾਰ ਦਿਨ ਬੁੱਧਵਾਰ ਅਤੇ ਸ਼ੁੱਕਰਵਾਰ ਨੂੰ (21.07.2023 ਤੋਂ 21.08 2023 ਤੱਕ) ਚੋਣ ਡਿਊਟੀ ਲਈ ਦਫ਼ਤਰੀ/ਸਕੂਲ ਦੀ ਡਿਊਟੀ ਤੋਂ ਫ਼ਾਰਗ ਕੀਤਾ ਜਾਵੇ। ਜੇਕਰ ਕਿਸੇ ਸਕੂਲ ਵਿੱਚ ਇੱਕ ਜਾਂ ਇੱਕ ਤੋਂ ਵੱਧ ਅਧਿਆਪਕਾਂ ਦੀ ਡਿਊਟੀ ਬਤੌਰ ਬੀ.ਐਲ.ਓ ਲੱਗੀ ਹੈ ਅਤੇ ਉਹ ਆਪਣਾ ਰੋਸਟਰ ਬਣਾ ਲੈਣ ਤਾਂ ਜੋ ਸਕੂਲ ਨੂੰ ਖਾਲੀ ਨਾ ਛੱਡਿਆ ਜਾਵੇ। ਜੇਕਰ ਕਿਸੇ ਸਕੂਲ ਵਿੱਚ ਇੱਕ ਹੀ ਅਧਿਆਪਕ ਹੈ ਤੇ ਉਹ ਬੀ.ਐਲ.ਓ ਲੱਗਿਆ ਹੋਇਆ ਹੈ ਤਾਂ ਜਿਲ੍ਹਾ ਸਿੱਖਿਆ ਅਫ਼ਸਰ (ਸੈਕੰ/ ਐਲੀ.) ਸਬੰਧਤ ਬੀ.ਪੀ.ਈ.ਓਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਸ ਸਕੂਲ ਵਿੱਚ ਅਧਿਆਪਕ ਦਾ ਪ੍ਰਬੰਧ ਕਰਨ ਦੇ ਜ਼ਿੰਮੇਵਾਰ ਹੋਣਗੇ ਤਾਂ ਜੋ ਡੋਰ ਟੂ ਡੋਰ ਸਰਵੇ ਦੇ ਕੰਮ ਨੂੰ ਨਿਰਵਿਘਨ ਮਿੱਥੇ ਸਮੇ ਵਿੱਚ ਮੁਕੰਮਲ ਕੀਤਾ ਜਾ ਸਕੇ। ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ

ਪਿੱਠ ਅੰਕਣ ਨੰ: 2054-56
ਮਿਤੀ 21-07-2023.

ਉਪਰੋਕਤ ਦਾ ਉਤਾਰਾ:

1. ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ
2. ਸਮੂਹ ਸੁਪਰਵਾਈਜਰ, 091-ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.) ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਡੋਰ ਟੂ ਡੋਰ ਸਰਵੇ ਸਮੇ ਸਿਰ ਮੁਕੰਮਲ ਕਰਵਾਉਣ ਲਈ ਆਪਣੇ ਅਧੀਨ ਆਉਂਦੇ ਬੀ.ਐਲ.ਓਜ. ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਅਤੇ ਮੁਕੰਮਲ ਕੀਤੇ ਕੰਮ ਦੀ ਰਿਪੋਰਟ ਸੋਮਵਾਰ ਨੂੰ ਸਵੇਰੇ 10:00 ਵਜੇ ਤੱਕ ਹਰ ਹਾਲਤ ਵਿੱਚ ਪੁੱਜਦੀ ਕੀਤੀ ਜਾਵੇ।
3. ਸਮੂਹ ਬੀ.ਐਲ.ਓਜ਼, 091-ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਡੋਰ ਟੂ ਡੋਰ ਦਾ ਕੰਮ ਸਮੇਂ ਸਿਰ ਮੁਕੰਮਲ ਕਰਨਾਂ ਯਕੀਨੀ ਬਣਾਇਆ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ

128

C

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ : ਜੀ-1/1 ( ) 2023 / 4054    ਮਿਤੀ : 21/07/23

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ , ਜਿਲ੍ਹਾ ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

21/7/23
ਜਿਲ੍ਹਾ ਸਿੱਖਿਆ ਅਫਸਰ ( ਸੈ.ਸਿ)
ਬਠਿੰਡਾ ।